Desh Bhagat College
Received
No. 493/DBC/18
Dt. 11/8/18
Bardwal (Dhuri)

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

(ਕਾਲਜ ਸੈਕਸ਼ਨ)

ਰਜਿਸਟਰਾਰ

ਨੰ. 5516/ਕਾਲਜਾਂ/ਸ-4

ਮਿਤੀ 6/8/2018

ਪ੍ਰਿੰਸੀਪਲ,
ਦੇਸ਼ ਭਗਤ ਕਾਲਜ,
ਬਰੜਵਾਲ, ਧੂਰੀ,
ਜ਼ਿਲ੍ਹਾ ਸੰਗਰੂਰ-148024

ਵਿਸ਼ਾ: ਕਾਲਜ ਵਿਖੇ ਸੈਸ਼ਨ 2018-19 ਤੋਂ ਬੀ.ਏ.ਬੀ.ਐਡ (ਚਾਰ ਸਾਲਾ ਇੰਟੈਗਰੇਟਿਡ ਕੋਰਸ) ਭਾਗ ਪਹਿਲਾ ਸ਼ੁਰੂ ਕਰਨ ਦੀ ਪ੍ਰਵਾਨਗੀ ਸਬੰਧੀ।

ਸ੍ਰੀਮਾਨ ਜੀ,

ਆਪ ਜੀ ਨੂੰ ਇਸ ਦਫਤਰ ਵਲੋਂ ਪਹਿਲਾਂ ਜਾਰੀ ਕੀਤੇ ਪੱਤਰ ਨੰਬਰ 5217/ਕਾਲਜਾਂ/ਸ-4 ਮਿਤੀ 20-07-2018 ਦੀ ਲਗਾਤਾਰਤਾ ਵਿਚ ਹੇਠ ਲਿਖੇ ਅਨੁਸਾਰ ਸੂਚਿਤ ਕੀਤਾ ਜਾਂਦਾ ਹੈ:-

- ਯੂਨੀਵਰਸਿਟੀ ਨਿਯਮਾਂ ਅਨੁਸਾਰ ਉਕਤ ਕੋਰਸ ਲਈ ਸਲਾਨਾ ਸਰਵਿਸ ਚਾਰਜ ਵਜੋਂ 1,00,000/-ਰੁਪਏ ਦਾ ਬੈਂਕ ਡਰਾਫਟ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਨਾਮ ਤੇ ਹਰ ਸਾਲ 31 ਅਗਸਤ ਤੋਂ ਪਹਿਲਾਂ ਭੇਜਣਾ ਲਾਜ਼ਮੀ ਹੋਵੇਗਾ।

  ਇਹ ਸਪਸ਼ਟ ਹੈ ਕਿ ਇਹ ਸਲਾਨਾ ਸਰਵਿਸ ਚਾਰਜ ਕਾਲਜ ਦੀ ਇੰਡੋਮੈਂਟ ਫੰਡ ਵਜੋਂ ਕਾਲਜ ਸੈਕਸ਼ਨ ਵਿਖੇ ਜਮ੍ਹਾਂ ਪਈ ਐਫ.ਡੀ.ਆਰ ਤੇ ਲਏ ਜਾਂਦੇ 3% ਸਰਵਿਸ ਚਾਰਜ ਤੋਂ ਵੱਖਰੇ ਹੋਣਗੇ।
- ਉਕਤ ਕੋਰਸ ਲਈ ਵਿਦਿਆਰਥੀਆਂ ਤੋਂ ਵਸੂਲ ਕੀਤੀ ਜਾਣ ਵਾਲੀ ਫੀਸ ਸਬੰਧੀ ਵੱਖਰੇ ਤੌਰ ਤੇ ਸੂਚਿਤ ਕੀਤਾ ਜਾਵੇ।
- ਸੈਸ਼ਨ 2019-20 ਤੋਂ ਬੀ.ਏ ਬੀ.ਐਡ (ਚਾਰ ਸਾਲਾ ਇੰਟੈਗਰੇਟਿਡ ਕੋਰਸ) ਭਾਗ ਦੂਜਾ ਦੀ ਪ੍ਰਵਾਨਗੀ ਸਬੰਧੀ ਕਾਲਜ ਵਲੋਂ ਬੇਨਤੀ ਪੱਤਰ ਭੇਜਣਾ ਲਾਜ਼ਮੀ ਹੋਵੇਗਾ।

ਵਿਸ਼ਵਾਸਪਾਤਰ,

3/8/18

ਸਹਾਇਕ ਰਜਿਸਟਰਾਰ (ਕਾਲਜਾਂ)

Scanned with CamScanner

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)
(ਕਾਲਜ ਸੈਕਸ਼ਨ)

ਰਜਿਸਟਰਾਰ

Desh Bhagat College
Received
No. 871/DBC/19
Dt. 16/2/19
Bardwal (Dhuri)

ਨੰ........99................/ਕਾਲਜਾਂ/ਸ-4
ਮਿਤੀ ........25/1/2019

ਪ੍ਰਿੰਸੀਪਲ,
ਦੇਸ਼ ਭਗਤ ਕਾਲਜ,
ਬਰੜਵਾਲ,ਧੂਰੀ,
ਜ਼ਿਲ੍ਹਾ ਸੰਗਰੂਰ-148024

ਵਿਸ਼ਾ: ਸੈਸ਼ਨ 2019-20 ਤੋਂ ਐਮ.ਏ (ਹਿਸਟਰੀ) ਭਾਗ ਪਹਿਲਾ, ਬੀ.ਏ-ਬੀ.ਐਡ (ਚਾਰ ਸਾਲਾ ਇੰਟੈਗਰੇਟਿਡ ਕੋਰਸ) ਭਾਗ ਦੂਜਾ, ਅਤੇ ਡਿਪਲੋਮਾ ਇਨ ਐਗਰੀਕਲਚਰ ਭਾਗ ਦੂਜਾ ਕੋਰਸ ਸ਼ੁਰੂ/ਕੰਟੀਨਿਊ ਕਰਨ ਸਬੰਧੀ।

ਸ੍ਰੀਮਾਨ ਜੀ,

ਉਕਤ ਵਿਸ਼ੇ ਸਬੰਧੀ ਆਪ ਜੀ ਦੇ ਪੱਤਰ ਨੰ: 855/DBC/18 ਮਿਤੀ 04-01-2019 ਦੇ ਹਵਾਲੇ ਵਿਚ ਡੀਨ, ਕਾਲਜ ਵਿਕਾਸ ਕੌਂਸਲ ਵਲੋਂ ਹੋਏ ਆਦੇਸ਼ਾਂ ਅਨੁਸਾਰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2019-20 ਤੋਂ ਉਕਤ ਨਵੇਂ/ਚਲਦੇ ਕੋਰਸਾਂ ਕੋਰਸਾਂ ਸਬੰਧੀ ਅਗਲੇਰੀ ਕਾਰਵਾਈ ਕਰਨ ਤੋਂ ਪਹਿਲਾਂ ਮੁਆਇਨਾ ਕਮੇਟੀ ਵਲੋਂ ਲਗਾਈਆਂ ਪਿਛਲੀਆਂ ਸ਼ਰਤਾਂ ਦੀ ਪੂਰਤੀ ਸਬੰਧੀ ਕੰਪਲਾਇੰਸ ਰਿਪੋਰਟ ਦਫਤਰ ਨੂੰ ਭੇਜੀ ਜਾਵੇ। ਇਸ ਤੋਂ ਇਲਾਵਾ ਕਾਲਜ ਵਿਖੇ ਨਿਯੁਕਤ ਪ੍ਰਿੰਸੀਪਲ/ਟੀਚਿੰਗ ਸਟਾਫ ਸਬੰਧੀ ਵੇਰਵੇ ਸਹਿਤ ਸੂਚਨਾ ਦਫਤਰ ਵਿਖੇ ਭੇਜੀ ਜਾਵੇ। ਇਸ ਉਪਰੰਤ ਹੀ ਨਵੇਂ/ਚਲਦੇ ਕੋਰਸਾਂ ਸਬੰਧੀ ਅਗਲੇਰੀ ਕਾਰਵਾਈ ਕਰਨੀ ਸੰਭਵ ਹੋਵੇਗੀ।

ਵਿਸ਼ਵਾਸਪਾਤਰ

25/1/19

ਸਹਾਇਕ ਰਜਿਸਟਰਾਰ (ਕਾਲਜਾਂ)

yes
Bkaur
15/07/2021

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)
(ਕਾਲਜ ਸੈਕਸ਼ਨ)

ਰਜਿਸਟਰਡ

Desh Bhagat College Bardwal (Dhuri) Received No. ... Dt. ...

ਨੰ. 2393 /ਕਾਲਜਾਂ/ਸ-4
ਮਿਤੀ 09/7/21

ਪ੍ਰਧਾਨ/ਪ੍ਰਿੰਸੀਪਲ,
ਦੇਸ਼ ਭਗਤ ਕਾਲਜ,
ਬਰੜਵਾਲ, ਧੂਰੀ,
ਜ਼ਿਲ੍ਹਾ ਸੰਗਰੂਰ-148024

ਵਿਸ਼ਾ: ਕਾਲਜ ਵਿਖੇ ਸੈਸ਼ਨ 2020-21 ਤੋਂ ਚਲਦੇ ਕੋਰਸ ਬੀ.ਏ.ਬੀ.ਐਡ (ਚਾਰ ਸਾਲਾ) ਭਾਗ ਤੀਜਾ , ਐਮ.ਏ (ਹਿਸਟਰੀ) ਭਾਗ ਦੂਜਾ ਅਤੇ ਸੈਸ਼ਨ 2021-22 ਤੋਂ ਬੀ.ਏ.ਬੀ.ਐਡ (ਚਾਰ ਸਾਲਾ) ਭਾਗ ਚੌਥਾ ਕੋਰਸ ਕੰਟੀਨਿਊ ਕਰਨ ਦੀ ਪ੍ਰਵਾਨਗੀ ਸਬੰਧੀ।

ਉਕਤ ਵਿਸ਼ੇ ਸਬੰਧੀ ਆਪ ਜੀ ਦੇ ਪੱਤਰ ਨੰ: 106/DBC/2021 Dated 16-03-2021 ਦੇ ਹਵਾਲੇ ਵਿਚ ਸੂਚਿਤ ਕੀਤਾ ਜਾਂਦਾ ਹੈ ਕਿ ਵਾਈਸ-ਚਾਂਸਲਰ ਸਾਹਿਬ ਨੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿਚ ਮੁਆਇਨਾ ਕਮੇਟੀ ਵਲੋਂ ਪੇਸ਼ ਕੀਤੀ ਗਈ ਰਿਪੋਰਟ (ਕਾਪੀ ਨੱਥੀ ਹੈ) ਵਿਚ ਦਰਜ ਸ਼ਰਤਾਂ/ਸਿਫਾਰਸ਼ਾਂ ਦੀ ਲੋਅ ਵਿਚ 2020-21 ਤੋਂ ਚਲਦੇ ਕੋਰਸ ਬੀ.ਏ.ਬੀ.ਐਡ (ਚਾਰ ਸਾਲਾ) ਭਾਗ ਤੀਜਾ , ਐਮ.ਏ (ਹਿਸਟਰੀ) ਭਾਗ ਦੂਜਾ ਅਤੇ ਸੈਸ਼ਨ 2021-22 ਤੋਂ ਬੀ.ਏ.ਬੀ.ਐਡ (ਚਾਰ ਸਾਲਾ) ਭਾਗ ਚੌਥਾ ਕੋਰਸ ਕੰਟੀਨਿਊ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

09/7/21
ਡਿਪਟੀ ਰਜਿਸਟਰਾਰ (ਕਾਲਜਾਂ)